CLASS : 10th (Secondary) **Code No. 109**

**Series : Sec/Annual-2023**

Roll No. | | | | | | | | | | |

**SET : D**

# ਪੰਜਾਬੀ

## PUNJABI

*(Academic/Open)*

(Only for Fresh/Re-appear/Improvement/Additional Candidates)

***ਸਮਾਂ : 3 ਘੰਟੇ ]*** ***[ ਕੁਲ ਅੰਕ : 80***

---

- *ਕ੍ਰਿਪਆ ਜਾਂਚ ਕਰ ਲਓ ਕਿ ਇਸ ਪ੍ਰਸਨ-ਪੱਤਰ ਵਿੱਚ ਛੱਪੇ ਪੰਨਿਆ ਦੀ ਸੰਖਿਆ **7** ਅਤੇ ਪ੍ਰਸ਼ਨ **14** ਹਨ।*
- *ਪ੍ਰਸ਼ਨ-ਪੱਤਰ ਵਿੱਚ ਸੱਜੇ ਪਾਸੇ ਦਿੱਤੇ ਹੋਏ **ਕੋਡ ਨੰ.** ਅਤੇ **ਸੈਟ** ਨੂੰ ਵਿਦਿਆਰਥੀ ਉੱਤਰ-ਪੁਸਤਿਕਾ ਦੇ ਮੁੱਖ ਪੰਨੇ ਤੇ ਲਿਖਨ।*
- *ਕ੍ਰਿਪਆ ਪ੍ਰਸ਼ਨ ਦਾ ਉੱਤਰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ ਪ੍ਰਸ਼ਨ ਦਾ ਕ੍ਰਮਾਂਕ ਜਰੂਰ ਲਿਖੋ।*
- *ਆਪਣੀ ਉੱਤਰ-ਪੁਸਤਿਕਾ ਵਿੱਚ ਖ਼ਾਲੀ ਪੰਨਾ/ਪੰਨੇ ਨਾ ਛੱਡੋ।*
- *ਉੱਤਰ-ਪੁਸਤਿਕਾ ਦੇ ਇਲਾਵਾ ਕੋਈ ਹੋਰ ਸ਼ੀਟ ਨਹੀਂ ਮਿਲੇਗੀ। ਇਸ ਲਈ ਢੁਕਵੇਂ ਹੀ ਲਿਖੋ ਅਤੇ ਲਿਖਿਆ ਉੱਤਰ ਨਾ ਕੱਟੋ।*
- *ਪ੍ਰੀਖਿਆਰਥੀ ਆਪਣਾ ਰੋਲ ਨੰ. ਪ੍ਰਸ਼ਨ-ਪੱਤਰ ਤੇ ਜ਼ਰੂਰ ਲਿਖਣ। ਰੋਲ ਨੰਬਰ ਨੂੰ ਛੱਡ ਕੇ ਪ੍ਰਸ਼ਨ ਪੱਤਰ 'ਤੇ ਕੁਝ ਨਾ ਲਿਖੋ ਅਤੇ ਵਿਕਲਪਿਕ ਪ੍ਰਸ਼ਨਾਂ ਦੇ ਉੱਤਰਾਂ 'ਤੇ ਕੋਈ ਨਿਸ਼ਾਨ ਨਾ ਬਣਾਓ।*
- *ਕ੍ਰਿਪਆ ਪ੍ਰਸ਼ਨਾਂ ਦਾ ਉੱਤਰ ਦੇਣ ਤੋਂ ਪਹਿਲਾਂ ਇਹ ਵੇਖ ਲੋ ਕਿ ਪ੍ਰਸ਼ਨ-ਪੱਤਰ ਪੂਰਾ ਅਤੇ ਠੀਕ ਹੈ। **ਪਰੀਖਿਆ ਦੇ ਬਾਅਦ ਇਸ ਸੰਬੰਧ ਵਿਚ ਕੋਈ ਵੀ ਦਾਅਵਾ ਨਹੀਂ ਮੰਨਿਆ ਜਾਏਗਾ।***

---

downloaded from StudentSuvidha.com



Download all NOTES and PAPERS at StudentSuvidha.com

*ਨੋਟ : ਸਾਰੇ ਪ੍ਰਸ਼ਨ ਕਰਨੇ ਜ਼ਰूਰੀ ਹਨ।*

**ਭਾਗ – (ੳ)**

**1.** ਹੇਠ ਲਿਖੇ ਬਹੁ ਵਿਕਲਪੀ ਪ੍ਰਸ਼ਨਾਂ ਵਿਚੋਂ ਸਹੀ ਉੱਤਰ ਚੁਣ ਕੇ ਲਿਖੋ : $1 \times 4 = 4$

(i) ਸ਼ੁੱਧ ਸ਼ਬਦ ਚੁਣੋ :

(ੳ) ਕਹਿੜਾ

(ਅ) ਕਿਹੜਾ

(ੲ) ਕੇਹੜਾ

(ਸ) ਕੇੜਹਾ

(ii) ਉੱਚੀ ਦੁਕਾਨ .......... ਪਕਵਾਨ। ਅਖਾਣ ਪੂਰੀ ਕਰੋ :

(ੳ) ਮਿੱਠਾ (ਅ) ਵਧੀਆ

(ੲ) ਖੱਟਾ (ਸ) ਫਿੱਕਾ

(iii) ਗੁਰਮੀਤ ਸਬਜੀ ਨਾਲ ਰੋਟੀ ਖਾ ਰਿਹਾ ਹੈ। ਵਾਕ ਵਿਚ ਸਬਜੀ ਸ਼ਬਦ ਹੈ :

(ੳ) ਵਸਤੂ ਵਾਚਕ ਨਾਂਵ

(ਅ) ਖਾਸ ਨਾਂਵ

(ੲ) ਆਮ ਨਾਂਵ

(ਸ) ਭਾਵ ਵਾਚਕ

downloaded from StudentSuvidha.com



Download all NOTES and PAPERS at StudentSuvidha.com

(iv) ਨੀਰਜ ਪਤੰਗ ਉਡਾਉਂਦਾ ਹੈ। ਵਾਕ ਵਿਚੋਂ ਕਰਮ ਕਾਰਕ ਚੁਣੋ :

(ੳ) ਨੀਰਜ

(ਅ) ਪਤੰਗ

(ੲ) ਉਡਾਉਂਦਾ

(ਸ) ਹੈ

**2.** (i) ਆਪਣਾ ਕਾਰੋਬਾਰ ਦੱਸੋ। (ਪ੍ਰਸ਼ਨਵਾਚਕ ਵਾਕ ਬਣਾਓ) 1

(ii) ਉਹ ਹਮੇਸ਼ਾ ਸੱਚ ਬੋਲਦਾ ਹੈ। (ਨਾਂਹ-ਵਾਚਕ ਵਾਕ ਬਣਾਓ) 1

(iii) ਉਹ ਤੇਜ਼ ਦੌੜਦਾ ਹੈ। (ਉਹ ਸ਼ਬਦ ਦੀ ਪਦਵੰਡ ਕਰੋ) 1

(iv) 'ਦਾਰ' ਪਿਛੇਤਰ ਤੋਂ ਇਕ ਸ਼ਬਦ ਬਣਾਓ। 1

**3.** ਮੀਨਾ ਨੇ ਸੇਬ ਨੂੰ ਚੀਰੇ। (ਵਾਕ ਨੂੰ ਸ਼ੁੱਧ ਕਰਕੇ ਲਿਖੋ) 2

**4.** ਹੇਠ ਲਿਖੇ ਵਾਕ ਨੂੰ ਵਿਸ਼ਰਾਮ ਚਿੰਨ੍ਹ ਲਗਾ ਕੇ ਲਿਖੋ : 3

ਮੀਨਾਕਸ਼ੀ ਨੇ ਦੱਸਿਆ ਮੈਂ ਐੱਮ ਏ ਕਰ ਲਈ ਹੈ

**5.** ਹੇਠ ਲਿਖੇ ਮੁਹਾਵਰਿਆਂ ਵਿਚੋਂ ਕਿਸੇ ***ਇਕ*** ਮੁਹਾਵਰੇ ਨੂੰ ਅਰਥ ਸਹਿਤ ਵਾਕ ਵਿਚ ਵਰਤੋ : 2

(i) ਉਂਗਲ ਕਰਨੀ

(ii) ਹੱਥ' ਤੇ ਹੱਥ ਧਰ ਕੇ ਬਹਿਣਾ



downloaded from StudentSuvidha.com

Download all NOTES and PAPERS at StudentSuvidha.com

**6.** ਹੇਠ ਲਿਖੇ ਪੈਰੇ ਨੂੰ ਧਿਆਨ ਨਾਲ ਪੜ੍ਹਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ :

ਕਿਸੇ ਵਾਪਰੀ ਘਟਨਾ ਦਾ ਕ੍ਰਮ ਅਨੁਸਾਰ ਵੇਰਵਾ ਪੇਸ਼ ਕਰਨ ਨੂੰ ਬਿਰਤਾਂਤ ਆਖਦੇ ਹਨ। ਇਸ ਵਿਚ ਜੀਵਨੀਆਂ, ਅਭੁੱਲ ਯਾਦਾਂ, ਯਾਤਰਾਵਾਂ ਅਤੇ ਇਤਿਹਾਸ ਵਿਚ ਵਾਪਰੀਆਂ ਮਹੱਤਵਪੂਰਨ ਘਟਨਾਵਾਂ ਆਦਿ ਬਾਰੇ ਲੇਖ ਆਉਂਦੇ ਹਨ। ਇਹ ਚੇਤੇ ਰੱਖਣ ਦੀ ਲੋੜ ਹੈ ਕਿ ਕੋਈ ਵੀ ਲੇਖ ਮੁਕੰਮਲ ਤੌਰ ਤੇ ਨਾ ਵਰਣਨਾਤਮਕ ਹੁੰਦਾ ਹੈ ਅਤੇ ਨਾ ਬਿਰਤਾਂਤਕ। ਹਰਿਮੰਦਰ ਸਾਹਿਬ ਬਾਰੇ ਦਿੱਤਾ ਵੇਰਵਾ ਵਰਣਨਾਤਮਕ ਪਰ ਉਸ ਦੇ ਇਤਿਹਾਸ ਦਾ ਵੇਰਵਾ ਬਿਰਤਾਂਤਕ ਹੋਵੇਗਾ। ਬਿਰਤਾਂਤਕ ਲੇਖ ਵਿਚ ਵੇਰਵਾ ਸਮੇਂ ਦੇ ਪੱਖੋਂ ਹੁੰਦਾ ਹੈ।

(i) ਬਿਰਤਾਂਤ ਕੀ ਹੈ? 1

(ii) ਕੀ ਚੇਤੇ ਰੱਖਣ ਦੀ ਲੋੜ ਹੈ? 2

(iii) ਬਿਰਤਾਂਤ ਵਿਚ ਕਿਸ ਤਰ੍ਹਾਂ ਦੇ ਲੇਖ ਆਉਂਦੇ ਹਨ? 2

**7.** ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ ***ਇਕ*** ਵਿਸ਼ੇ 'ਤੇ ਲਗਭਗ **250** ਸ਼ਬਦਾਂ ਦਾ ਲੇਖ ਲਿਖੋ : 5

downloaded from StudentSuvidha.com

(i) ਗੁਰੂ ਗੋਬਿੰਦ ਸਿੰਘ ਜੀ

(ii) ਬੇਰੁਜ਼ਗਾਰੀ

(iii) ਸਾਡੇ ਮੇਲੇ

(iv) ਮੇਰਾ ਹਰਿਆਣਾ

(v) ਪ੍ਰਦੂਸ਼ਣ

**8.** ਆਪਣੇ ਇਲਾਕੇ ਦੇ ਡਾਕੀਏ ਦੀ ਲਾਪਰਵਾਹੀ ਵਿਰੁੱਧ ਪੋਸਟ ਮਾਸਟਰ ਨੂੰ ਸ਼ਿਕਾਇਤ ਕਰੋ। 5

**ਜਾਂ**

ਸ਼ਹਿਰ ਵਿਚ ਵੱਧ ਰਹੀ ਨਸ਼ਾਖੋਰੀ ਨੂੰ ਰੋਕਣ ਲਈ ਪੁਲਿਸ ਕਮਿਸ਼ਨਰ ਨੂੰ ਬੇਨਤੀ-ਪੱਤਰ ਲਿਖੋ।



Download all NOTES and PAPERS at StudentSuvidha.com

**ਭਾਗ – (ਅ)**

**9.** (i) ਹੇਠ ਲਿਖੇ ਕਾਵਿ-ਟੋਟਿਆਂ ਵਿਚੋਂ ਕਿਸੇ ***ਇਕ*** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ : 5

ਮਨਮੁਖਿ ਗਰਬਿ ਨ ਪਾਇਓ ਅਗਿਆਨ ਇਆਣੇ।।

ਸਤਿਗੁਰ ਸੇਵਾ ਨਾ ਕਰਹਿ ਫਿਰਿ ਫਿਰਿ ਪਛੁਤਾਣੇ।।

ਗਰਭ ਜੋਨੀ ਵਾਸੁ ਪਾਇਦੇ ਗਰਭੇ ਗਲਿ ਜਾਣੇ।।

ਮੇਰੇ ਕਰਤੇ ਏਵੈ ਭਾਵਦਾ ਮਨਮੁਖ ਭਰਮਾਣੇ।।

**ਜਾਂ**

ਨਾ ਕੋਈ ਖੇਡ ਖਿਡੌਣਾ ਮੰਗਾਂ, ਪਾਲਣੇ ਵਿਚ ਨਾ ਸੌਣਾ ਮੰਗਾਂ।

ਇਕੋ ਮੰਗ ਮੇਰੀ ਪੂਰੀ ਕਰਦੇ, ਮਿੰਨਤਾਂ ਕਰ ਕਰ ਹਾਰੀ ਮਾਂ।

ਨਹੀਂ ਮੰਗਦੀ ਮੈਂ ਲੋਰੀ ਤੈਥੋਂ, ਜਨਮ ਤਾਂ ਦੇ ਇਕ ਵਾਰੀ ਮਾਂ।

(ii) 'ਮਾਂ ਜੋ ਏਧਰ ਵੀ ਤੇ ਓਧਰ ਵੀ' ਕਵਿਤਾ ਕਿਸ ਉਦੇਸ਼ ਨੂੰ ਲੈ ਕੇ ਲਿਖੀ ਗਈ ਹੈ? 3

(iii) ਪੰਜਾਬੀ ਦੀ ਦੁਨੀਆਂ ਵਿਚ ਸਾਖ ਕਿਉਂ ਮੈਲੀ ਹੋ ਰਹੀ ਹੈ? 1

**10.** (i) ਸੈਰ ਕਰਨ ਦੇ ਕੀ ਲਾਭ ਹਨ? 3

(ii) ਹੰਕਾਰੀ ਮਨੁੱਖ ਤੋਂ ਕਿਵੇਂ ਬੱਚਿਆ ਜਾ ਸਕਦਾ ਹੈ? 3

(iii) ਲੋਕ ਜਮੀਨਾਂ ਵੇਚ ਕੇ ਕੀ ਖਰੀਦ ਰਹੇ ਹਨ? 2

(iv) ਕਾਫ਼ਲਾ ਕਿਹੜੇ ਰੰਗ ਦੇ ਪੱਥਰਾਂ ਵਿਚਕਾਰੋਂ ਲੰਘਿਆ? 1



downloaded from StudentSuvidha.com

Download all NOTES and PAPERS at StudentSuvidha.com

**11.** (i) ਰੋਹਿਤ ਦੀ ਸਭ ਤੋਂ ਪਹਿਲਾਂ ਪ੍ਰਾਹੁਣਚਾਰੀ ਕਿਸ ਨੇ ਤੇ ਕਿਵੇਂ ਕੀਤੀ? 3

(ii) ਰਜਨੀ ਦੀਆਂ ਕੋਈ ਤਿੰਨ ਵਿਸ਼ੇਸ਼ਤਾਵਾਂ ਲਿਖੋ। 3

(iii) ਵੰਦਨਾ ਪੌਦਿਆਂ ਨੂੰ ਪਾਣੀ ਦੇਣ ਲਈ ਕਿਉਂ ਰਾਜ਼ੀ ਹੋ ਗਈ? 2

(iv) ਮੰਮੀ ਪਾਪਾ ਮੀਨਾਕਸ਼ੀ ਨੂੰ ਕਿਸ ਗੱਲ ਤੋਂ ਰੋਕਦੇ ਸਨ? 1

**12.** (i) 'ਤੋਤਾ-ਮੈਨਾ' ਕਿੱਥੇ ਗਾ ਰਹੇ ਸਨ? ਇਨ੍ਹਾਂ ਦੇ ਗੀਤ ਰਾਹੀਂ ਇਕਾਂਗੀਕਾਰ ਕੀ ਸੁਨੇਹਾ ਦੇ ਰਿਹਾ ਹੈ? 5

**ਜਾਂ**

ਭ੍ਰਿਸ਼ਟਾਚਾਰ ਤੇ ਰਾਜ-ਪ੍ਰਬੰਧ ਦਾ ਬਹੁਤ ਨਜ਼ਦੀਕੀ ਵਾਲਾ ਸੰਬੰਧ ਹੈ? ਇਸ ਨੂੰ ਦੂਰ ਕਰਨ ਲਈ ਆਪਣੇ ਸੁਝਾਵਾਂ ਉੱਪਰ ਰੋਸ਼ਨੀ ਪਾਓ।

(ii) ਰਾਮ ਭਜਨੀ ਕੌਣ ਹੈ? 3

(iii) ਪਾਂਧੇ ਨੂੰ ਰਾਮ ਭਜਨੀ ਕੋਲ ਕੌਣ ਲੈ ਕੇ ਆਉਂਦਾ ਹੈ? 1

(iv) ਰਾਮ ਭਜਨੀ ਨੂੰ 'ਦੁਸ਼ਾਲਾ' ਦਾਨ ਕਰਨ ਲਈ ਕੌਣ ਆਖਦਾ ਹੈ? 1

**13.** (i) ਤੁਹਾਨੂੰ ਬੀਬੀ ਭਾਨੀ ਜੀ ਦੀਆਂ ਕਿਨ੍ਹਾਂ ਗੱਲਾਂ ਨੇ ਪ੍ਰਭਾਵਿਤ ਕੀਤਾ ਹੈ? ਵਿਸਥਾਰ ਸਹਿਤ ਲਿਖੋ। 3

(ii) ਡਾ० ਕਲਾਮ ਜੀ ਨੂੰ ਭਾਰਤ ਦੇ ਕਿਹੜੇ ਵੱਡੇ-ਵੱਡੇ ਸਨਮਾਨ ਪ੍ਰਾਪਤ ਹੋਏ? 3

(iii) ਨਾਨਕ ਸਿੰਘ ਦੇ ਕਿਹੜੇ ਨਾਵਲ ਦੀ ਕਹਾਣੀ ਉੱਪਰ ਹਿੰਦੀ ਫਿਲਮ ਬਣੀ? ਇਸ ਫਿਲਮ ਨੂੰ ਕਿਸ ਨੇ ਬਣਾਇਆ? 2

(iv) ਮਿਲਖਾ ਸਿੰਘ ਕਿਹੜੀ ਦੌੜ ਹਾਰਨ ਕਾਰਨ ਉਦਾਸ ਹੋ ਗਿਆ? 1

**14.** ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਵਿਚੋਂ ਸਹੀ ਉੱਤਰ ਚੁਣ ਕੇ ਲਿਖੋ : $1 \times 4 = 4$

(i) ਮਿਲਖਾ ਸਿੰਘ ਕਦੋਂ ਫ਼ੌਜ ਵਿਚ ਭਰਤੀ ਹੋਇਆ?

(ੳ) 1947 (ਅ) 1952

(ੲ) 1970 (ਸ) 1961



downloaded from StudentSuvidha.com

Download all NOTES and PAPERS at StudentSuvidha.com

(ii) ਮੀਨਾਕਸ਼ੀ ਦੀ ਮਾਂ ਦਾ ਨਾਮ ਚੁਣੋ :

(ੳ) ਨਿਸ਼ਾ

(ਅ) ਅਰਚਨਾ

(ੲ) ਵੰਦਨਾ

(ਸ) ਰਜਨੀ

(iii) ਕੰਗਾਰੂ ਕਿਸ ਦੇਸ਼ ਦਾ ਕੌਮੀ ਜਾਨਵਰ ਹੈ ?

(ੳ) ਭਾਰਤ

(ਅ) ਨੇਪਾਲ

(ੲ) ਚੀਨ

(ਸ) ਆਸਟ੍ਰੇਲੀਆ

(iv) 'ਗੁੰਮ ਨੇ ਰਸੋਈ ਵਿਚੋਂ ......' ਕਵਿਤਾ ਦਾ ਕਵੀ ਚੁਣੋ :

(ੳ) ਕਸ਼ਮੀਰ ਨੀਰ

(ਅ) ਪਵਨ ਹਰਚੰਦਪੁਰੀ

(ੲ) ਕੁਲਵੰਤ ਸਿੰਘ ਰਫ਼ੀਕ

(ਸ) ਸ਼ਾਹ ਹੁਸੈਨ

downloaded from StudentSuvidha.com



Download all NOTES and PAPERS at StudentSuvidha.com